# ਦੂਤਾਵਾਸ ਦੇ ਕੌਂਸਲਰ ਹਾਲ ਵਿੱਚ ਪੰਜਾਬ ਦੀਵਾਰ ਦੇ ਉਦਘਾਟਨ ਮੌਕੇ ਤੇ ਰਾਜਦੂਤ ਵਲੋਂ ਸੁਨੇਹਾ

**(੧੦ ਸਤੰਬਰ ੨੦੨੪)**

ਮੈਨੂੰ ਬਹਿਰੀਨ ਵਿੱਚ ਭਾਰਤੀ ਭਾਈਚਾਰੇ ਦੇ ਪੰਜਾਬੀ ਬੋਲਣ ਵਾਲੇ ਮੈਂਬਰਾਂ ਦਾ ਦੂਤਾਵਾਸ ਵਿੱਚ ਸਵਾਗਤ ਕਰਦੇ ਹੋਏ ਖੁਸ਼ੀ ਹੋ ਰਹੀ ਹੈ | ਅੱਜ ਅਸੀਂ ਦੂਤਾਵਾਸ ਵਿੱਚ ਪੰਜਾਬ ਰਾਜ ਸੈਰ-ਸਪਾਟੇ ਅਤੇ "ਇੱਕ ਜ਼ਿਲਾ ਇੱਕ ਉਤਪਾਦ" (ODOP) ਦੀਵਾਰਾਂ ਦਾ ਉਦਘਾਟਨ ਕਰ ਰਹੇ ਹਾਂ | ਇਹ ਕੰਦਾਂ ਸਲਾਨੀ ਆਕਾਰਸ਼ਨਾਂ ਦੇ ਨਾਲ-ਨਾਲ ਪੰਜਾਬ ਦੇ ਵਪਾਰਕ ਉਤਪਾਦਾਂ ਨੂੰ ਵੀ ਉਜਾਗਰ ਕਰ ਰਹੀਆਂ ਹਨ |

ਦੂਤਾਵਾਸ ਦੀ "ਫੋਕਸ ਸਟੇਟ / ਕੇਂਦਰ ਸ਼ਾਸਿਤ ਪ੍ਰਦੇਸ਼" ਪਹਿਲਕਦਮੀ ਦੇ ਤਹਿਤ ਅਸੀਂ ਅਗਲੇ ਦੋ ਮਹੀਨਿਆਂ ਲਈ ਪੰਜਾਬ ਨੂੰ ਉਤਸਾਹਿਤ ਕਰਾਂਗੇ | ਰਾਜਸਥਾਨ, ਕਸ਼ਮੀਰ, ਉੱਤਰ-ਪ੍ਰਦੇਸ਼, ਕਰਨਾਟਕ ਅਤੇ ਉੜੀਸਾ, ਤੋਂ ਬਾਅਦ ਪੰਜਾਬ ਇਸ ਪਹਿਲਕਦਮੀ ਵਿੱਚ ਛੇਵਾਂ ਰਾਜ ਹੈ |

ਸੈਰ-ਸਪਾਟਾ ਮੰਤਰਾਲੇ, ਭਾਰਤ ਸਰਕਾਰ ਨੇ "ਦੇਖੋ ਆਪਣਾ ਦੇਸ਼" ਇੱਕ ਮੁਹਿੰਮ ਸ਼ੁਰੂ ਕੀਤੀ ਹੈ ਜਿਸ ਵਿੱਚ ਤੁਹਾਡੇ ਮਨਪਸੰਦ ਸਲਾਨੀ ਆਕਰਸ਼ਣ ਦੀ ਚੋਣ ਮੰਤਰਾਲੇ ਨੂੰ ਸੈਰ ਸਪਾਟਾ ਆਕ੍ਰਸ਼ਨਾਂ ਨੂੰ ਵਿਸ਼ਵ ਪੱਧਰੀ ਸੈਰ-ਸਪਾਟਾ ਸਥਾਨ ਵਜੋਂ ਵਿਕਸਿਤ ਕਰਣ ਦੇ ਵਿੱਚ ਮਦਦ ਕਰੇਗੀ |

ਸਾਡਾ ਫੋਕਸ ਰਾਜ ਮੁਹਿੰਮ "ਦੇਖੋ ਆਪਣਾ ਦੇਸ਼" ਨਾਲ ਮੇਲ ਖਾਂਦਾ ਹੈ | ਮੈਂ ਪੰਜਾਬੀ ਭਾਈਚਾਰੇ ਦੁਆਰਾ ਪੇਸ਼ ਕੀਤੇ ਜਾਣ ਵਾਲੇ ਸੱਭਿਆਚਾਰਕ ਪ੍ਰਦਰਸ਼ਨਾਂ ਦੀ ਵੀ ਉਡੀਕ ਕਰ ਰਿਹਾ ਹਾਂ | ਮੈਂ ਪੰਜਾਬੀ ਭਾਈਚਾਰੇ ਦੇ ਮੈਂਬਰਾਂ ਨੂੰ ਭਾਰਤੀ ਦੂਤਾਵਾਸ ਨਾਲ ਆਪਣਾ ਸਮਰਥਨ ਜਾਰੀ ਰੱਖਣ ਦੀ ਅਪੀਲ ਕਰਦਾ ਹਾਂ | ਮੈਂ ਸਾਰਿਆਂ ਨੂੰ ਇਹ ਵੀ ਬੇਨਤੀ ਕਰਦਾ ਹਾਂ ਕਿ ਭਾਰਤ ਦੇ ਦੋਸਤਾਨਾ ਰਾਜ ਦੇ ਕਾਨੂੰਨਾਂ ਅਤੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਚੰਗੇ ਮਹਿਮਾਨਾਂ ਵਜੋਂ ਰਹੋ ਅਤੇ ਕੰਮ ਕਰੋ | ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦਾ ਹਾਂ |